# **ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ : ਸਿ :), ਪੰਜਾਬ ।**

(ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ)

# ਪਬਲਿਕ ਨੋਟਿਸ

**(693 ਅਸਾਮੀਆ ਵਿਰੁੱਧ ਸਿਲੈਕਟ ਹੋਏ ਸਕੂਲ ਲਾਇਬਰੇਰੀਅਨ ਨੂੰ ਨਿਯੁਕਤੀ ਪੱਤਰ ਜਾਰੀ ਕਰਨ ਅਤੇ ਸਟੇਸਨ ਦੀ ਚੋਣ ਕਰਵਾਉਣ ਸਬੰਧੀ)**

1.0 ਅਧੀਨ ਸੇਵਾਂਵਾਂ ਚੋਣ ਬੋਰਡ, ਪੰਜਾਬ ਵਲੋ ਸਕੂਲ ਲਾਇਬਰੇਰਿਅਨ ਦੀਆਂ 693 ਅਸਾਮੀਆ ਭਰਨ ਲਈ ਮਿਤੀ 02-04-2021 ਨੂੰ ਇਸਤਿਹਾਰ ਦਿਤਾ ਗਿਆ ਸੀ। ਇਹਨਾਂ ਅਸਾਮੀਆ ਵਿਰੁੱਧ ਸਿਲੈਕਟ ਹੋਏ ਉਮੀਦਵਾਰਾਂ ਦੀ ਸਿਲੈਕਸਨ ਲਿਸਟ ਅਧੀਨ ਸੇਵਾਂਵਾਂ ਚੋਣ ਬੋਰਡ, ਪੰਜਾਬ ਵਲੋ ਪ੍ਰਾਪਤ ਹੋਈ ਸੀ। ਇਹਨਾਂ ਦੀ ਲਿਸਟ ਵਿਭਾਗ ਦੀ ਵੈਬਸਾਇਟ ssapunjab.gov.in ਤੇ ਮਿਤੀ 05-10-2021 ਨੂੰ ਅਪਲੋਡ ਕੀਤੀ ਗਈ ਹੈ।

2.0 **ਇਹਨਾਂ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਜਾਣੇ ਹਨ ਅਤੇ ਸਟੇਸ਼ਨ ਦੀ ਚੋਣ ਕਰਵਾਈ ਜਾਣੀ ਹੈ।**

3.0 ਇਹਨਾਂ **ਨਵ-ਨਿਯੁਕਤ ਲਾਇਬਰੇਰੀਅਨ** ਨੂੰ ਸਟੇਸ਼ਨ ਚੋਣ ਕਰਨ ਲਈ ਹੇਠ ਲਿਖੀਆਂ ਕੈਟੇਗਰੀਆਂ ਨੂੰ ਪ੍ਰਾਥਮਿਕਤਾ ਦਿੱਤੀ ਜਾਵੇਗੀ:-

1. ਵਿਧਵਾ ਕੇਸ।
2. ਅੰਗਹੀਣ (ਜੋ 40 ਪ੍ਰਤੀਸਤ ਤੋ ਵੱਧ ਅੰਗਹੀਣ ਹੋਣ)।
3. ਕੈਂਸਰ ਦੇ ਮਰੀਜ, ਖਰਾਬ ਕਿਡਨੀ ਦੇ ਮਰੀਜ (ਖੁਦ ਜੋ ਡਾਇਲਸਿਸ ਤੇ ਹੋਣ)।
4. ਜਿਨ੍ਹਾਂ ਦੇ ਬੱਚੇ 60 ਪ੍ਰਤੀਸਤ ਤੋ ਵੱਧ ਡਿਸਏਬਲਡ ਹੋਣ, ਕੈਂਸਰ ਅਤੇ ਖਰਾਬ ਕਿਡਨੀ (ਡਾਇਲਸਿਸ ਤੇ ਹੋਣ) ਤੋ ਪੀੜਿਤ ਹੋਣ।

4.0 ਜੋ **ਨਵ-ਨਿਯੁਕਤ ਲਾਇਬਰੇਰੀਅਨ** ਉਪਰੋਕਤ ਕੈਟੇਗਰੀ ਅਧੀਨ ਲਾਭ ਲੈਣਾ ਚਾਹੁੰਦੇ ਹਨ, ਉਹ ਉਪਰੋਕਤ ਕੈਟੇਗਰੀ ਦੇ ਨਾਲ ਸਬੰਧਤ ਦਸਤਾਵੇਜ, ਸਮੇਤ ਨਿਯੁਕਤੀ ਪੱਤਰ ਦੀ ਕਾਪੀ ਇਕ ਪੀ.ਡੀ.ਐਫ ਤਿਆਰ ਕਰਕੇ **ਈ-ਮੇਲ ਆਈ ਡੀ librarian693@gmail.com ਤੇ ਮਿਤੀ 07-10-2021 ਨੂੰ ਸਾਮ 6 ਵਜੇ ਤੱਕ ਭੇਜਣਗੇ।** ਇਸ ਉਪਰੰਤ ਪ੍ਰਾਪਤ ਹੋਣ ਵਾਲੀ ਈ-ਮੇਲ ਤੇ ਕਿਸੇ ਵੀ ਸੂਰਤ ਵਿਚ ਵਿਚਾਰ ਨਹੀ ਕੀਤਾ ਜਾਵੇਗਾ।

5.0 ਇਹਨਾ ਵਲੋ ਭੇਜੇ ਜਾਣ ਵਾਲੇ ਦਸਤਾਵੇਜ ਵੈਰੀਫਾਈ ਕਰਨ ਉਪਰੰਤ ਹੀ ਇਹਨਾਂ **ਲਾਇਬਰੇਰੀਅਨ** ਨੂੰ ਉਪਰੋਕਤ ਕੈਟੇਗਰੀ ਵਿਚ ਪਹਿਲ ਦੇ ਆਧਾਰ ਤੇ ਸਟੇਸ਼ਨ ਚੋਣ ਕਰਵਾਉਣ ਲਈ ਵਿਚਾਰ ਕੀਤਾ ਜਾਵੇਗਾ।

6.0 ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਨੋਟਿਸ ਜਾਰੀ ਕਰਨ ਨਾਲ ਉਪਰੋਕਤ ਕੈਟੇਗਰੀ ਦੇ **ਲਾਇਬਰੇਰੀਅਨ** ਦਾ ਪਹਿਲਾ ਸਟੇਸ਼ਨ ਲੈਣ ਦਾ ਹੱਕ ਨਹੀ ਬਣ ਜਾਂਦਾ। ਇਹਨਾਂ ਨੂੰ ਪਹਿਲ ਦੇ ਆਧਾਰ ਤੇ ਸਟੇਸ਼ਨ ਅਲਾਟ ਕਰਨ ਜਾਂ ਨਾ ਕਰਨ ਬਾਰੇ ਜੋ ਵੀ ਵਿਭਾਗ ਵਲੋ ਫੈਸਲਾ ਕੀਤਾ ਜਾਵੇਗਾ ਉਹ ਆਖਰੀ ਹੋਵੇਗਾ।

ਸੁਪਰਡੰਟ ਦਫਤਰੀ ਅਮਲਾ
ਦ: ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਮਿਤੀ: 7-10-21